Punjabi

ਅਗਾਊਂ ਦੇਖਭਾਲ ਯੋਜਨਾਕਾਰੀ / ਦੇਖਭਾਲ ਅਹੁਦਿਆਂ ਦੇ ਉਦੇਸ਼

# ਵਾਰਤਾਲਾਪ ਮਾਇਨੇ ਰੱਖਦਾ ਹੈ (Conversations Matter)

ਤੁਹਾਡੀ ਭਵਿੱਖੀ ਸਿਹਤ-ਸੰਭਾਲ ਲਈ ਯੋਜਨਾ









Alberta Health Services

# *ਅਗਾਊਂ ਦੇਖਭਾਲ ਯੋਜਨਾਕਾਰੀ ਵਿੱਚ ਅਲਬਰਟਾ ਵਾਸੀਆਂ ਦਾ ਸਮਰਥਨ ਕਰਨਾ।*
# *(Supporting Albertans in advance care planning.)*

ਅਲਬਰਟਾ (Alberta) ਵਿੱਚ, ਅਗਾਊਂ ਦੇਖਭਾਲ ਯੋਜਨਾ ਵਿੱਚ ਸ਼ਾਮਲ ਹੈ:

- ਇੱਕ ਨਿੱਜੀ ਡਾਈਰੈਕਟਿਵ ਹੋਣਾ
- ਜਦੋਂ ਚਿਕਿਤਸਕੀ ਤੌਰ 'ਤੇ ਢੁਕਵਾਂ ਹੋਵੇ, ਦੇਖਭਾਲ ਅਹੁਦਿਆਂ ਦੇ ਉਦੇਸ਼ ਦਾ ਆਰਡਰ ਹੋਣਾ
- ਦੇਖਭਾਲ ਯੋਜਨਾਕਾਰੀ ਦਸਤਾਵੇਜ਼ਾਂ ਨੂੰ ਰੱਖਣ ਅਤੇ ਇੱਧਰ-ਉੱਧਰ ਲਿਜਾਉਣ ਲਈ ਇੱਕ ਗ੍ਰੀਨ ਸਲੀਵ ਦੀ ਵਰਤੋਂ ਕਰਨਾ

ਕਾਪੀਰਾਈਟ © (2019) Alberta Health Services। ਇਹ ਸਮੱਗਰੀ ਕੈਨੇਡਾ ਵਾਸੀਆਂ ਅਤੇ ਹੋਰ ਅੰਤਰਰਾਸ਼ਟਰੀ ਕਾਪੀਰਾਈਟ ਕਾਨੂੰਨਾਂ ਦੁਆਰਾ ਸੁਰੱਖਿਅਤ ਹੈ। ਸਾਰੇ ਅਧਿਕਾਰ ਰਾਖਵੇਂ ਹਨ। ਇਸ ਸਮੱਗਰੀ ਨੂੰ Alberta Health Services ਦੀ ਸਪਸ਼ਟ ਲਿਖਤ ਆਗਿਆ ਦੇ ਬਿਨਾਂ ਕਿਸੇ ਵੀ ਤਰੀਕੇ ਵਿੱਚ ਸਮੁੱਚੇ ਜਾ ਅੰਸ਼ਕ ਤੌਰ 'ਤੇ ਕਾਪੀ, ਪ੍ਰਕਾਸ਼ਿਤ, ਵਿਤਰਿਤ ਜਾਂ ਦੁਬਾਰਾ-ਪੇਸ਼ ਨਹੀਂ ਕੀਤਾ ਜਾ ਸਕਦਾ ਹੈ। ਇਹ ਸਮੱਗਰੀ ਸਿਰਫ਼ ਸਾਧਾਰਨ ਜਾਣਕਾਰੀ ਲਈ ਨਿਯਤ ਹੈ ਅਤੇ "ਜਿਵੇਂ ਦੀ ਤਿਵੇਂ", "ਜਿੱਥੇ ਹੈ ਉੱਥੇ" ਦੇ ਆਧਾਰ ਉੱਤੇ ਪ੍ਰਦਾਨ ਕੀਤੀ ਜਾਂਦੀ ਹੈ। ਹਾਲਾਂਕਿ, ਜਾਣਕਾਰੀ ਦੀ ਸਟੀਕਤਾ ਦੀ ਪੁਸ਼ਟੀ ਕਰਨ ਲਈ ਮੁਨਾਸਿਬ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ, Alberta Health Services ਅਲਬਰਟ Alberta Health Services ਅਜਿਹੀ ਜਾਣਕਾਰੀ ਦੇ ਵਿਸ਼ੇਸ਼ ਉਦੇਸ਼ ਲਈ ਸਟੀਕਤਾ, ਭਰੋਸੇਯੋਗਤਾ, ਸੰਪੂਰਨਤਾ, ਲਾਗੂ ਹੋਣ ਯੋਗਤਾ ਜਾਂ ਦਰੁਸਤੀ ਵਜੋਂ ਸਪਸ਼ਟ, ਸੰਕੇਤਕ ਜਾਂ ਕਾਨੂੰਨੀ ਕੋਈ ਵੀ ਪੇਸ਼ਕਾਰੀ ਜਾਂ ਵਾਰੰਟੀ ਨਹੀਂ ਦਿੰਦੀਆਂ ਹਨ। ਇਹ ਸਮੱਗਰੀ ਕਿਸੇ ਯੋਗ ਸਿਹਤ ਪੇਸ਼ਾਵਰ ਦੀ ਸਲਾਹ ਦਾ ਬਦਲ ਨਹੀਂ ਹੈ। Alberta Health Services ਇਸ ਸਮੱਗਰੀ ਦੀ ਵਰਤੋਂ ਲਈ, ਅਤੇ ਅਜਿਹੀ ਵਰਤੋਂ ਤੋਂ ਪੈਦਾ ਹੋ ਰਹੇ ਕਿਸੇ ਦਾਅਵਿਆਂ, ਕਾਰਵਾਈਆਂ, ਮੰਗਾਂ ਜਾਂ ਦਰਖਾਸਤਾਂ ਲਈ ਸਾਰੀ ਜਵਾਬਦੇਹੀ ਦੇ ਦਾਅਵੇ ਦਾ ਸਪਸ਼ਟਤਾ ਨਾਲ ਖੰਡਨ ਕਰਦੀ ਹੈ।

# ਅਗਾਊਂ ਦੇਖਭਾਲ ਯੋਜਨਾਕਾਰੀ ਕੀ ਹੈ?
# (What is Advance Care Planning?)

ਅਗਾਊਂ ਦੇਖਭਾਲ ਯੋਜਨਾਕਾਰੀ, ਜਿਸ ਕਿਸਮ ਦੀ ਸਿਹਤ-ਸੰਭਾਲ ਤੁਸੀਂ ਹੁਣ ਅਤੇ ਭਵਿੱਖ ਵਿੱਚ ਪ੍ਰਾਪਤ ਕਰਨਾ ਚਾਹੁੰਦੇ ਹੋ, ਉਸ ਲਈ ਤੁਹਾਡੀਆਂ ਇੱਛਾਵਾਂ ਦੀ ਯੋਜਨਾ ਬਣਾਉਣ ਅਤੇ ਲਿਖਣ ਵਿੱਚ ਤੁਹਾਡੀ ਮਦਦ ਕਰਨ ਦਾ ਇੱਕ ਤਰੀਕਾ ਹੈ। ਇਹ ਹਰ ਬਾਲਗ਼, ਖਾਸ ਤੌਰ 'ਤੇ ਸਿਹਤ ਸਮੱਸਿਆਵਾਂ ਹੋਣ ਵਾਲੇ ਵਿਅਕਤੀਆਂ ਲਈ ਹੈ। ਇਹ ਸਭ ਤੋਂ ਵਧੀਆ ਉਦੋਂ ਹੁੰਦੀ ਹੈ ਜਦੋਂ ਤੁਸੀਂ ਸਿਹਤਮੰਦ ਹੁੰਦੇ ਹੋ, ਇਸ ਤੋਂ ਪਹਿਲਾਂ ਜਦੋਂ ਯੋਜਨਾ ਲਈ ਵਾਕਈ ਕੋਈ ਤਤਕਾਲੀ ਲੋੜ ਹੋਵੇ।

**ਅਗਾਊਂ ਦੇਖਭਾਲ ਯੋਜਨਾਕਾਰੀ (Advance care planning)** ਵਿਸ਼ੇਸ਼ ਤੌਰ 'ਤੇ ਅਜਿਹੇ ਲੋਕਾਂ ਲਈ ਅਹਿਮ ਹੈ ਜਿਹਨਾਂ ਨੂੰ ਕੋਈ ਪੁਰਾਣੀ ਬੀਮਾਰੀ, ਇੱਕ ਤੋਂ ਵੱਧ ਬੀਮਾਰੀ ਹੁੰਦੀ ਹੈ, ਬੁੱਢੇ ਹੁੰਦੇ ਹਨ ਜਾਂ ਜਿਹਨਾਂ ਨੂੰ ਸੰਗਿਆਨਕ ਵਿਗਾੜ ਹੋ ਸਕਦਾ ਹੈ।

**ਪਹਿਲਾਂ ਹੀ ਯੋਜਨਾ ਬਣਾ ਕੇ ਤੁਹਾਨੂੰ ਅਤੇ ਤੁਹਾਡੇ ਲਈ ਮਹੱਤਵ ਰੱਖਣ ਵਾਲੇ ਲੋਕਾਂ ਲਈ ਮਨ ਦੀ ਸ਼ਾਂਤੀ ਮਿਲਦੀ ਹੈ।**

ਅਗਾਊਂ ਦੇਖਭਾਲ ਯੋਜਨਾਕਾਰੀ ਅਜਿਹੀ ਕਿਰਿਆ ਹੈ ਜੋ ਤੁਹਾਡੀ ਨਿਮਨਲਿਖਤ ਵਿੱਚ ਮਦਦ ਕਰਦੀ ਹੈ

- ਚਿਕਿਤਸਾ ਇਲਾਜਾਂ ਲਈ ਮਹੱਤਵ ਅਤੇ ਇੱਛਾਵਾਂ ਬਾਰੇ ਸੋਚਣ ਵਿੱਚ ਜਿਹਨਾਂ ਬਾਰੇ ਤੁਸੀਂ ਗੱਲ ਕਰਨਾ ਚਾਹ ਵੀ ਸਕਦੇ ਹੋ ਜਾਂ ਨਹੀਂ ਵੀ
- ਤੁਹਾਡੇ ਸਿਹਤ-ਦੇਖਭਾਲ ਟੀਚਿਆਂ ਬਾਰੇ ਗੱਲ ਕਰਨ ਵਿੱਚ
- ਅਜਿਹੀ ਯੋਜਨਾ ਬਣਾਉਂਦੇ ਹਨ ਜੋ ਤੁਹਾਡੇ ਮਹੱਤਵ ਅਤੇ ਇੱਛਾਵਾਂ ਨੂੰ ਦਰਸਾਉਂਦੀ ਹੈ
- ਤੁਹਾਡੀ ਯੋਜਨਾ ਨੂੰ ਲਿਖਤ ਵਿੱਚ ਪੇਸ਼ ਕਰਦੀ ਹੈ

**ਜੇ ਤੁਸੀਂ ਆਪਣੇ-ਆਪ ਲਈ ਗੱਲ ਨਾ ਕਰ ਸਕਦੇ ਤਾਂ ਕੀ ਤੁਹਾਡੇ ਪਰਿਵਾਰ ਨੂੰ ਤੁਹਾਡੀਆਂ ਸਿਹਤ-ਸੰਭਾਲ ਇੱਛਾਵਾਂ ਦਾ ਪਤਾ ਹੋਵੇਗਾ?**

**ਕਲਪਨਾ ਕਰੋ ਕਿ** ਤੁਹਾਡੀ ਬੁੱਢੀ ਮਾਂ ਦਾ ਪੈਰ ਬਰਫ਼ ਉੱਤੇ ਤਿਲਕ ਜਾਂਦਾ ਹੈ, ਸਿਰ 'ਤੇ ਸੱਟ ਲੱਗਦੀ ਹੈ ਅਤੇ ਉਹ ਕੋਮਾ ਵਿੱਚ ਹੈ? ਉਸ ਦੀ ਸਿਹਤ-ਸੰਭਾਲ ਟੀਮ ਹੁਣ ਤੁਹਾਨੂੰ ਉਸਦੇ ਮਹੱਤਵ ਅਤੇ ਇੱਛਾਵਾਂ ਬਾਰੇ ਪੁੱਛ ਰਹੀ ਹੈ।

ਕੀ ਤੁਹਾਨੂੰ ਪਤਾ ਹੈ ਕਿ ਦੇਖਭਾਲ ਲਈ ਉਸ ਦੀਆਂ ਇੱਛਾਵਾਂ ਕੀ ਹਨ?

ਜੇ ਉਹ ਗੱਲਬਾਤ ਕਰ ਸਕਦੀ ਹੁੰਦੀ ਤਾਂ ਉਸ ਨੇ ਆਪਣੇ ਟੀਚੇ ਕੀ ਦੱਸਣੇ ਸਨ?

ਕਲਪਨਾ ਕਰੋ ਕਿ ਤੁਸੀਂ ਉਸ ਦੀ ਥਾਂ 'ਤੇ ਹੋ। ਤੁਹਾਡੇ ਲਈ ਕੌਣ ਬੋਲੇਗਾ? ਕੀ ਉਹਨਾਂ ਨੂੰ ਤੁਹਾਡੀਆਂ ਇੱਛਾਵਾਂ ਦਾ ਪਤਾ ਹੈ?



# ਮੈਂ ਕਿਵੇਂ ਸ਼ੁਰੂ ਕਰਾਂ? (How do I begin?)

**ਸੋਚੋ** | ਜਾਣੋ | ਚੁਣੋ | ਸੰਚਾਰ | ਕਰ | ਲਿਖੋ

ਜਦੋਂ ਤੁਸੀਂ ਹੇਠਲੇ ਸਵਾਲਾਂ ਬਾਰੇ ਸੋਚਦੇ ਹੋ ਤਾਂ ਆਪਣੇ ਮਹੱਤਵ ਅਤੇ ਤਰਜੀਹਾਂ ਬਾਰੇ ਵਿਚਾਰ ਕਰੋ।

ਇਹਨਾਂ ਸਵਾਲਾਂ ਦੇ ਕੋਈ ਗ਼ਲਤ ਜਵਾਬ ਨਹੀਂ ਹੁੰਦੇ ਹਨ।

## ਸਿਹਤ ਦੇ ਪੁਰਾਣੇ ਤਜਰਬੇ

- ਕੀ ਤੁਹਾਨੂੰ ਸਿਹਤ-ਸੰਭਾਲ ਦੇ ਕੋਈ ਪੁਰਾਣੇ ਤਜਰਬੇ ਰਹੇ ਹਨ ਜੋ ਤੁਹਾਡੀ ਭਵਿੱਖੀ ਦੇਖਭਾਲ ਤੋਂ ਤੁਹਾਡੀ ਇੱਛਾ ਨੂੰ ਪ੍ਰਭਾਵਿਤ ਕਰ ਸਕਦੇ ਹਨ? ਇਹ ਸਕਾਰਾਤਮਕ ਜਾਂ ਨਕਾਰਾਤਮਕ ਤਜਰਬੇ ਹੋ ਸਕਦੇ ਹਨ ਜੋ ਤੁਹਾਡੇ ਜਾਂ ਉਨ੍ਹਾਂ ਹੋਰ ਲੋਕਾਂ ਨਾਲ ਵਾਪਰ ਸਕਦੇ ਹਨ ਜਿਨ੍ਹਾਂ ਨੂੰ ਤੁਸੀਂ ਜਾਣਦੇ ਹੋ।

## ਤੁਹਾਡੀ ਭਵਿੱਖੀ ਸਿਹਤ

- ਤੁਹਾਡੇ ਲਈ ਜੀਵਨ ਦੀ ਗੁਣਵੱਤਾ ਦਾ ਕੀ ਮਤਲਬ ਹੈ? ਆਪਣੇ ਪਰਿਵਾਰ ਨਾਲ ਗੱਲ ਕਰਨ ਦੇ ਯੋਗ ਹੋਣਾ? ਆਪਣੀ ਦੇਖਭਾਲ ਆਪ ਕਰਨਾ?
- ਤੁਹਾਡੇ ਜੀਵਨ ਵਿੱਚ ਮਹੱਤਵਪੂਰਨ ਲੋਕ ਕੌਣ ਹਨ?
- ਕੀ ਧਾਰਮਿਕ ਜਾਂ ਰੂਹਾਨੀ ਵਿਸ਼ਵਾਸ ਚਿਕਿਤਸਾ ਇਲਾਜਾਂ ਲਈ ਤੁਹਾਡੀਆਂ ਤਰਜੀਹਾਂ ਨੂੰ ਪ੍ਰਭਾਵਿਤ ਕਰਦੇ ਹਨ?

ਚਰਣ 1

**ਆਪਣੇ ਮਹੱਤਵ ਅਤੇ ਟੀਚਿਆਂ ਬਾਰੇ ਸੋਚੋ। (Think about your values and goals.)**



ਸੋਚ | **ਜਾਣੋ** | ਚੁਣ | ਸੰਚਾਰ | ਕਰ | ਲਿਖੋ



ਚਰਣ 2

## ਆਪਣੀ ਖੁਦ ਦੀ ਸਿਹਤ ਬਾਰੇ ਸੋਚੋ। (Learn about your own health.)

- ਕੀ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਆਪਣੀ ਮੌਜੂਦਾ ਸਿਹਤ ਦੀ ਚੰਗੀ ਸਮਝ ਹੈ?

ਜੇ ਤੁਹਾਨੂੰ ਕੋਈ ਮੌਜੂਦਾ ਚਿਕਿਤਸਾ ਸਥਿਤੀ ਹੈ, ਤਾਂ ਇਸ ਬਾਰੇ ਆਪਣੇ ਡਾਕਟਰ ਜਾਂ ਹੋਰ ਸਿਹਤ-ਸੰਭਾਲ ਪ੍ਰਦਾਤਿਆਂ ਨਾਲ ਗੱਲ ਕਰੋ:

- ਤੁਹਾਡਾ ਰੋਗ-ਨਿਦਾਨ, ਯਾਂਨੀ, ਤੁਸੀਂ ਆਪਣੀ ਚਿਕਿਤਸਾ ਸਥਿਤੀ ਦੇ ਨਤੀਜੇ ਵਜੋਂ ਭਵਿੱਖ ਵਿੱਚ ਕੀ ਮਹਿਸੂਸ ਕਰਨ ਦੀ ਉਮੀਦ ਕਰ ਸਕਦੇ ਹੋ।
- ਤੁਹਾਡੀ ਹਾਲਤ ਲਈ ਸੰਭਾਵੀ ਚਿਕਿਤਸਾ ਇਲਾਜ।
- ਤੁਸੀਂ ਇਹਨਾਂ ਇਲਾਜਾਂ ਤੋਂ ਕੀ ਉਮੀਦ ਕਰਦੇ ਹੋ। ਜਿਹੜੇ ਸਿਹਤ-ਸੰਭਾਲ ਫੈਸਲੇ ਤੁਹਾਨੂੰ ਤੁਹਾਨੂੰ ਕਰਨ ਦੀ ਲੋੜ ਹੋ ਸਕਦੀ ਹੈ, ਉਸ ਦੀਆਂ ਕਿਸਮਾਂ ਨੂੰ ਸਮਝਣਾ ਸਹਾਇਕ ਹੋ ਸਕਦਾ ਹੈ।

ਚਰਣ 3

## ਆਪਣੇ ਲਈ ਸਿਹਤ-ਸੰਭਾਲ ਫੈਸਲੇ ਲੈਣ ਲਈ ਕਿਸੇ ਨੂੰ ਚੁਣੋ ਜੇ ਤੁਸੀਂ ਨਹੀਂ ਕਰ ਸਕੇ। (Choose someone to make healthcare decisions for you if you couldn't.)

### ਤੁਹਾਡੇ ਲਈ ਕੌਣ ਗੱਲ ਕਰੇਗਾ?

ਅਣਕਿਆਸੀਆਂ ਜਾਂ ਅਚਾਨਕ ਹੋਣ ਵਾਲੀਆਂ ਚਿਕਿਤਸਾ ਘਟਨਾਵਾਂ ਤੁਹਾਡੀਆਂ ਇੱਛਾਵਾਂ ਦਾ ਸੰਚਾਰ ਕਰਨ ਲਈ ਤੁਹਾਨੂੰ ਅਯੋਗ ਬਣਾ ਸਕਦੀਆਂ ਹਨ। ਹੋਰ ਚਿਕਿਤਸਾ ਸਥਿਤੀਆਂ ਦੇਖਭਾਲ ਬਾਰੇ ਗੱਲ ਕਰਨ ਜਾਂ ਫੈਸਲੇ ਲੈਣ ਦੀ ਤੁਹਾਡੀ ਯੋਗਤਾ ਨੂੰ ਹੌਲੀ-ਹੌਲੀ ਘਟਾ ਸਕਦੀਆਂ ਹਨ।

ਜੇਕਰ ਤੁਸੀਂ ਆਪਣੇ-ਆਪ ਲਈ ਚਿਕਿਤਸਾ ਫੈਸਲੇ ਲੇਣ ਲਈ ਅਯੋਗ ਹੁੰਦੇ ਹੋ ਤਾਂ ਉਸ ਸੂਰਤ ਵਿੱਚ ਤੁਹਾਡੇ ਵਲੋਂ ਗੱਲ ਕਰ ਸਕਣ ਵਾਲੇ ਕਿਸੇ ਵਿਅਕਤੀ ਨੂੰ ਚੁਣਨਾ ਅਤੇ ਕਾਨੂੰਨੀ ਤੌਰ 'ਤੇ ਨਿਯੁਕਤ ਕਰਨਾ ਮਹੱਤਵਪੂਰਨ ਹੁੰਦਾ ਹੈ। ਅਲਬਰਟਾ ( Alberta) ਵਿੱਚ, ਇਸ ਵਿਅਕਤੀ ਨੂੰ ਤੁਹਾਡੇ ਏਜੰਟ ਵਜੋਂ ਜਾਣਿਆ ਜਾਂਦਾ ਹੈ।

### ਆਪਣੇ-ਆਪ ਨੂੰ ਪੁੱਛੋ:

- ਕੀ ਮੈਂ ਆਪਣੇ ਮਹੱਤਵ ਅਤੇ ਇੱਛਾਵਾਂ ਦੇ ਆਧਾਰ ਉੱਤੇ ਆਪਣੀ ਸਿਹਤ-ਸੰਭਾਲ ਟੀਮ ਦੇ ਨਾਲ ਸਿਹਤ-ਸੰਭਾਲ ਫੈਸਲੇ ਲੈਣ ਲਈ ਇਸ ਵਿਅਕਤੀ 'ਤੇ ਭਰੋਸਾ ਕਰਾਂ?
- ਕੀ ਉਹ ਸਪਸ਼ਟਤਾ ਨਾਲ ਸੰਚਾਰ ਕਰਨ ਦੇ ਯੋਗ ਹਨ?
- ਕੀ ਉਹ ਤਣਾਅ ਭਰੀਆਂ ਸਥਿਤੀਆਂ ਵਿੱਚ ਔਖੇ ਫੈਸਲੇ ਲੈਣ ਦੇ ਯੋਗ ਹੋਣਗੇ?
- ਜੇ ਮੈਂ ਆਪਣੇ-ਆਪ ਲਈ ਸਿਹਤ-ਸੰਭਾਲ ਫੈਸਲੇ ਲੈਣ ਦੇ ਅਯੋਗ ਹੋਵਾਂ ਤਾਂ ਕੀ ਇਹ ਵਿਅਕਤੀ ਮੇਰੇ ਲਈ ਗੱਲ ਕਰਨ ਵਾਸਤੇ ਤਿਆਰ ਅਤੇ ਉਪਲਬਧ ਰਹਿੰਦਾ ਹੈ?





ਚਰਣ 4

## ਸਿਹਤ-ਸੰਭਾਲ ਬਾਰੇ ਆਪਣੀਆਂ ਇੱਛਾਵਾਂ ਅਤੇ ਮਹੱਤਵ ਆਪਣੇ ਪਰਿਵਾਰ ਅਤੇ ਸਿਹਤ-ਸੰਭਾਲ ਟੀਮ ਨੂੰ ਦੱਸੋ।

## (Communicate your wishes and values about your healthcare to your family and healthcare team.)

ਆਪਣੇ ਵਾਰਤਾਲਾਪ ਦੇ ਦੌਰਾਨ ਤੁਸੀਂ ਜਿਹੜੀਆਂ ਸਭ ਤੋਂ ਮਹੱਤਵਪੂਰਨ ਚੀਜ਼ਾਂ ਬਾਰੇ ਗੱਲ ਕਰਨਾ ਚਾਹੁੰਦੇ ਹੋ, ਉਸ ਦੀ ਇੱਕ ਸੂਚੀ ਬਣਾਓ।

### ਗੱਲਬਾਤ ਸ਼ੁਰੂ ਕਰਨ ਵਾਲੇ ਕਾਰਕ (Conversation starters):

- ਇਸ ਸਮੇਂ ਮੇਰੀ ਸਿਹਤ ਵਧੀਆ ਹੈ, ਪਰ ਜੇਕਰ ਮੈਂ ਭਵਿੱਖ ਵਿੱਚ ਬੀਮਾਰ ਜਾਂ ਚੋਟਿਲ ਹੋ ਜਾਵਾਂ ਤਾਂ ਮੈਂ ਆਪਣੀਆਂ ਇੱਛਾਵਾਂ ਬਾਰੇ ਤੁਹਾਡੇ ਨਾਲ ਗੱਲ ਕਰਨਾ ਚਾਹੁੰਦਾ/ਦੀ ਹਾਂ।
- ਮੈਂ ਅੰਗ ਅਤੇ ਟਿਸ਼ੂ ਦਾਨ ਕਰਨ ਲਈ ਆਪਣੀਆਂ ਇੱਛਾਵਾਂ ਬਾਰੇ ਸੋਚਦਾ ਰਹਿੰਦਾ ਹਾਂ। ਕੀ ਅਸੀਂ ਇਸ ਬਾਰੇ ਗੱਲ ਕਰ ਸਕਦੇ ਹਾਂ?
- ਜੇਕਰ ਮੈਂ ਬੀਮਾਰ ਹੋ ਜਾਂਦਾ/ਦੀ ਹਾਂ ਤਾਂ ਮੇਰੇ ਡਾਕਟਰ ਨੇ ਮੈਨੂੰ ਭਵਿੱਖੀ ਸਿਹਤ-ਸੰਭਾਲ ਲਈ ਆਪਣੀਆਂ ਇੱਛਾਵਾਂ ਬਾਰੇ ਸੋਚਣ ਅਤੇ ਇਹਨਾਂ ਨੂੰ ਲਿਖਣ ਲਈ ਕਿਹਾ ਹੈ। ਤੁਸੀਂ ਮੇਰੇ ਲਈ ਮਹੱਤਵਪੂਰਨ ਹੋ, ਕੀ ਅਸੀਂ ਗੱਲ ਕਰ ਸਕਦੇ ਹਾਂ?

ਚਰਣ 5

# ਇੱਕ ਨਿੱਜੀ ਨਿਰਦੇਸ਼ ਵਿੱਚ ਲਿਖੋ (Document in a personal directive)

ਅਲਬਰਟਾ (Alberta) ਵਿੱਚ, ਇੱਕ ਨਿੱਜੀ ਨਿਰਦੇਸ਼ (ਕਈ ਵਾਰ, "PD" ਕਿਹਾ ਜਾਂਦਾ ਹੈ) ਇੱਕ ਕਾਨੂੰਨੀ ਦਸਤਾਵੇਜ਼ ਹੁੰਦਾ ਹੈ ਜੋ ਤੁਹਾਨੂੰ ਇਹ ਚੋਣ ਕਰਨ ਦੀ ਆਗਿਆ ਦਿੰਦਾ ਹੈ ਕਿ ਤੁਹਾਡੇ ਲਈ ਕੌਣ ਫੈਸਲਾ ਲੈ ਸਕਦਾ ਹੈ ਅਤੇ ਤੁਹਾਡੀਆਂ ਇੱਛਾਵਾਂ ਬਾਰੇ ਰਾਹ-ਨੁਮਾਈ ਪ੍ਰਦਾਨ ਕਰ ਸਕਦਾ ਹੈ।

- ਤੁਹਾਡਾ ਨਿੱਜੀ ਨਿਰਦੇਸ਼ ਤਾਂ ਪ੍ਰਭਾਵੀ ਹੁੰਦਾ ਹੈ ਜੇ ਜਾਂ ਜਦੋਂ ਉਹ ਸਮਾਂ ਆਵੇ ਜਦੋਂ ਤੁਸੀਂ ਆਪਣੀ ਸਿਹਤ-ਸੰਭਾਲ ਲਈ ਫੈਸਲੇ ਲੈਣ ਦੇ ਅਯੋਗ ਹੁੰਦੇ ਹੋ।
- ਤੁਹਾਡੇ ਲਈ ਫੈਸਲਾ ਲੈਣ ਵਾਲੇ ਵਿਅਕਤੀ (ਏਜੰਟ), ਪਰਿਵਾਰ ਅਤੇ ਸਿਹਤ-ਸੰਭਾਲ ਪ੍ਰਦਾਤਿਆਂ ਦੇ ਨਾਲ ਆਪਣੇ ਨਿੱਜੀ ਨਿਰਦੇਸ਼ ਨੂੰ ਸਾਂਝਾ ਕਰੋ।
- ਜਦੋਂ ਵੀ ਤੁਹਾਡੇ ਸਿਹਤ ਦੇ ਹਾਲਾਤਾਂ ਜਾਂ ਤੁਹਾਡੀਆਂ ਇੱਛਾਵਾਂ ਅਤੇ ਮਹੱਤਵ ਵਿੱਚ ਕੋਈ ਬਦਲਾਵ ਹੁੰਦਾ ਹੈ ਤਾਂ ਤੁਹਾਡੇ ਨਿੱਜੀ ਨਿਰਦੇਸ਼ ਦੀ ਸਮੀਖਿਆ ਕੀਤੀ ਜਾ ਸਕਦੀ ਹੈ ਅਤੇ ਕੀਤੀ ਜਾਣੀ ਚਾਹੀਦੀ ਹੈ।
- ਤੁਹਾਡੇ ਨਿੱਜੀ ਨਿਰਦੇਸ਼ ਨੂੰ ਬਣਾਉਣ ਲਈ, ਪਬਲਿਕ ਗਾਰਡੀਅਨ ਦੇ ਦਫਤਰ (Office of the Public Guardian) ਕੋਲ ਇੱਕ ਮੁਫ਼ਤ ਟੈਮਪੇਲਟ (ਹਿਦਾਇਤਾਂ ਦੇ ਨਾਲ) ਹੈ ਜਾਂ ਤੁਸੀਂ ਆਪਣੇ ਵਕੀਲ ਤੋਂ ਇਸ ਨੂੰ ਤਿਆਰ ਕਰਾ ਸਕਦੇ ਹੋ।

ਜੇ ਤੁਹਾਡੇ ਕੋਲ ਕੋਈ ਨਿੱਜੀ ਨਿਰਦੇਸ਼ ਨਹੀਂ ਹੈ ਅਤੇ ਇਹ ਤੈਅ ਹੈ ਕਿ ਤੁਸੀਂ ਸੂਚਿਤ ਸਹਿਮਤੀ ਪ੍ਰਦਾਨ ਕਰਨ ਲਈ ਅਯੋਗ ਹੋ:

- ਤੁਹਾਨੂੰ ਇਹ ਚੁਣਨ ਦਾ ਮੌਕਾ ਨਹੀਂ ਮਿਲਦਾ ਕਿ ਤੁਹਾਡੇ ਲਈ ਕੌਣ ਫੈਸਲੇ ਲਏਗਾ
- ਇੱਕ ਸਿਹਤ-ਸੰਭਾਲ ਪ੍ਰਦਾਤਾ ਤੁਹਾਡੇ ਨਜ਼ਦੀਕੀ ਰਿਸ਼ਤੇਦਾਰ ਨੂੰ ਤੁਹਾਡੇ ਲਈ ਫੈਸਲੇ ਲੈਣ ਵਾਸਤੇ ਕਹਿ ਸਕਦਾ ਹੈ
- ਪਰਿਵਾਰ ਦੇ ਕਿਸੇ ਸਦੱਸ ਜਾਂ ਦੋਸਤ ਨੂੰ ਤੁਹਾਡਾ ਗਾਰਡੀਅਨ ਬਣਨ ਲਈ ਅਦਾਲਤ ਜਾਣਾ ਪੈ ਸਕਦਾ ਹੈ, ਜਿਸ ਵਿੱਚ ਸਮਾਂ ਅਤੇ ਪੈਸੇ ਲੱਗਦੇ ਹਨ।



ਨਿੱਜੀ ਨਿਰਦੇਸ਼ਾਂ ਬਾਰੇ ਜਾਣਕਾਰੀ ਲਈ, ਪਬਲਿਕ ਗਾਰਡੀਅਨ ਦੇ ਦਫਤਰ (Office of the Public Guardian) ਨਾਲ 310-0000 (ਅਲਬਰਟਾ (Alberta) ਵਿੱਚ ਟੌਲ-ਫ੍ਰੀ) 'ਤੇ ਸੰਪਰਕ ਕਰੋ

www.alberta.ca Personal Directive (ਨਿੱਜੀ ਨਿਰਦੇਸ਼) ਲਈ ਖੋਜ ਕਰੋ



# ਦੇਖਭਾਲ ਅਹੁਦਾ ਆਰਡਰ (Care Designation Order, GCD) ਦੇ ਕੀ ਉਦੇਸ਼ ਹਨ? (What is a Goals of Care Designation Order (GCD)?)

- ਇੱਕ ਚਿਕਿਤਸਾ ਆਦੇਸ਼ ਜੋ ਤੁਹਾਡੀ ਦੇਖਭਾਲ ਦੇ ਸਾਧਾਰਨ ਫੋਕਸ ਦਾ ਵਰਣਨ ਕਰਦਾ ਹੈ।
- ਆਪਣੇ ਅਦੁੱਤੀ ਮਹੱਤਵ ਅਤੇ ਤਰਜੀਹਾਂ ਨੂੰ ਅਜਿਹੀ ਦੇਖਭਾਲ ਨਾਲ ਮਿਲਾਉਣ ਵਿੱਚ ਸਿਹਤ-ਸੰਭਾਲ ਟੀਮ ਦੀ ਮਦਦ ਕਰੋ, ਜੋ ਤੁਹਾਡੀ ਅਤੇ ਤੁਹਾਡੀ ਸਿਹਤ-ਸੰਭਾਲ ਸਥਿਤੀ ਲਈ ਸਭ ਤੋਂ ਢੁਕਵੀਂ ਹੈ।
- ਕਿਸੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਦੁਆਰਾ ਲਿਖੀ ਗਈ।
- ਆਦਰਸ਼ ਤੌਰ ‘ਤੇ, ਤੁਹਾਡੇ ਅਤੇ ਸਿਹਤ-ਸੰਭਾਲ ਟੀਮ ਦੇ ਸਦੱਸਾਂ ਵਿਚਕਾਰ ਵਾਰਤਾਲਾਪ ਤੋਂ ਬਾਅਦ ਬਣਾਈ ਗਈ।
- ਅਲਬਰਟਾ (Alberta) ਵਿੱਚ ਸਾਰੀਆਂ ਦੇਖਭਾਲ ਸੈਟਿੰਗਾਂ ਵਿੱਚ ਮਾਨਤਾ-ਪ੍ਰਾਪਤ।
- ਤੁਹਾਡੀ ਸਿਹਤ ਵਿੱਚ ਬਦਲਾਵ ਮੁਤਾਬਕ ਬਦਲਦੀ ਹੈ; ਕੋਈ ਵੀ ਡਾਕਟਰ ਤੁਹਾਡੇ GCD ਆਰਡਰ ਨੂੰ ਅਪਡੇਟ ਕਰ ਸਕਦਾ ਹੈ।



**ਤੁਹਾਡੇ ਸਭ ਤੋਂ ਢੁਕਵੇਂ GCD ਬਾਰੇ ਫੈਸਲਾ ਲੈਣਾ ਇੱਕ ਪ੍ਰਕਿਰਿਆ ਹੈ। ਵਿਚਾਰ ਕੀਤੇ ਗਏ ਕਾਰਕ:**

ਤੁਹਾਡੇ ਮਹੱਤਵ ਅਤੇ ਇੱਛਾਵਾਂ

ਤੁਹਾਡੀਆਂ ਚਿਕਿਤਸਾ ਸਮੱਸਿਆਵਾਂ



ਤੁਹਾਡੇ ਡਾਕਟਰ ਦੀਆਂ ਸਿਫਾਰਿਸ਼ਾਂ

## ਵਿਚਾਰਨ ਲਈ ਸਵਾਲ (Questions to consider):

- ਕੀ ਮੈਂ ਆਪਣੀਆਂ ਸਿਹਤ-ਸੰਭਾਲ ਸਥਿਤੀਆਂ ਅਤੇ ਰੋਗ-ਨਿਦਾਨ ਨੂੰ ਪੂਰੀ ਤਰ੍ਹਾਂ ਸਮਝਦਾ/ਦੀ ਹਾਂ?
- ਮੇਰੇ ਇਲਾਜ ਜੋਖਮ ਅਤੇ ਲਾਭ ਕੀ ਹਨ?
- ਕੀ ਜੀਵਨ ਬਚਾਅ ਉਪਾਅ ਜਿਵੇਂ ਕਿ ਕਾਰਡੀਓ-ਪਲਮੋਨਰੀ ਰਿਸਸਿਟੇਸ਼ਨ (cardio-pulmonary resuscitation, CPR) ਨਾਲ ਮੈਨੂੰ ਫਾਇਦਾ ਮਿਲਣ ਦੀ ਸੰਭਾਵਨਾ ਹੈ?
- ਮੈਂ ਵੱਧ ਸਮੇਂ ਲਈ ਹੋਰ ਕਿਸ ਚੀਜ਼ ਵਿੱਚੋਂ ਗੁਜ਼ਰਣਾ ਚਾਹਵਾਂਗਾ/ਗੀ? ਕੀ ਲੰਮੇ ਜੀਵਨ ਨਾਲੋਂ ਜੀਵਨ ਦੀ ਗੁਣਵੱਤਾ ਜ਼ਿਆਦਾ ਮਹੱਤਵਪੂਰਨ ਹੈ?
- ਜਿੱਥੇ ਮੈਂ ਰਹਿੰਦਾ/ਦੀ ਹਾਂ ਉੱਥੇ ਕਿਹੜੇ ਇਲਾਜ ਉਪਲਬਧ ਹਨ ਤਾਂ ਜੋ ਮੈਨੂੰ ਹਸਪਤਾਲ ਨਾ ਜਾਣਾ ਪਏ?

# ਕਿਸ ਵਿਅਕਤੀ ਨੂੰ ਇੱਕ GCD ਆਰਡਰ ਦੀ ਲੋੜ ਹੁੰਦੀ ਹੈ? (Who needs a GCD Order?)

ਜਦੋਂ ਸੰਪੂਰਨ ਰਿਸਸਿਟੇਸ਼ਨ ਦੇਖਭਾਲ ਅਜਿਹੀ ਨਾ ਹੋਵੇ ਜੋ ਉਹਨਾਂ ਨੂੰ ਚਾਹੀਦੀ ਹੈ ਜਾਂ ਚਿਕਿਤਸਾ ਪੱਖੋਂ ਢੁਕਵੀਂ ਨਹੀਂ ਹੈ ਤਾਂ ਵਿਅਕਤੀਆਂ ਲਈ ਇੱਕ GCD ਆਰਡਰ ਪ੍ਰਾਪਤ ਕਰਨਾ ਮਹੱਤਵਪੂਰਨ ਹੁੰਦਾ ਹੈ। ਕਿਸੇ ਹੋਰ ਤਰ੍ਹਾਂ GCD ਆਰਡਰ ਦੱਸੇ ਬਗੈਰ, ਜਦੋਂ ਕਿਸੇ ਵਿਅਕਤੀ ਦਾ ਦਿਲ ਧੜਕਣਾ ਬੰਦ ਕਰ ਦਿੰਦਾ ਹੈ ਜਾਂ ਉਹ ਸਾਹ ਲੈਣਾ ਬੰਦ ਕਰ ਦਿੰਦੇ ਹਨ ਤਾਂ ਸੰਪੂਰਨ ਰਿਸਸਿਟੇਸ਼ਨ ਦੇਖਭਾਲ ਪ੍ਰਦਾਨ ਕੀਤੀ ਜਾਂਦੀ ਹੈ।

ਇਹ ਪਤਾ ਲਗਾਉਣ ਲਈ ਕਿ ਤੁਹਾਨੂੰ ਕਿਸੇ GCD ਆਰਡਰ ਦੀ ਲੋੜ ਹੈ, ਆਪਣੇ ਸਿਹਤ-ਸੰਭਾਲ ਪ੍ਰਦਾਤੇ ਨਾਲ ਗੱਲ ਕਰੋ। ਉਹ ਨਿਰਧਾਰਨ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ ਕਿ ਕੀ ਤੁਹਾਨੂੰ ਕਿਸੇ GCD ਆਰਡਰ ਦੀ ਲੋੜ ਹੈ।

ਜੇ ਤੁਹਾਡੇ ਕੋਲ ਕੋਈ GCD ਆਰਡਰ ਹੈ ਤਾਂ ਇਹ ਤੁਹਾਡੀ ਸਿਹਤ ਵਿੱਚ ਬਦਲਾਵਾਂ ਅਨੁਸਾਰ ਬਦਲ ਸਕਦਾ ਹੈ ਅਤੇ ਬਦਲਣਾ ਚਾਹੀਦਾ ਹੈ। ਆਪਣੀ ਸਿਹਤ-ਸੰਭਾਲ ਟੀਮ ਨਾਲ ਗੱਲ ਕਰੋ ਜੇ:

- ਤੁਹਾਡੀ ਮੌਜੂਦਾ ਸਿਹਤ ਸਥਿਤੀ, ਮਹੱਤਵ ਅਤੇ ਇੱਛਾਵਾਂ ਬਦਲ ਗਈਆਂ ਹਨ
- ਤੁਹਾਨੂੰ ਪੱਕਾ ਨਹੀਂ ਪਤਾ ਕਿ ਤੁਹਾਡੇ GCD ਆਰਡਰ ਵਿੱਚ ਕੀ ਸ਼ਾਮਲ ਹੈ
- ਤੁਸੀਂ ਆਪਣੇ ਮੌਜੂਦਾ GCD ਆਰਡਰ ਦੇ ਨਾਲ ਆਰਾਮਦਾਇਕ ਨਹੀਂ ਹੋ

## ਦੇਖਭਾਲ ਲਈ ਤਿੰਨ ਸਾਧਾਰਨ ਦ੍ਰਿਸ਼ਟੀਕੋਣ




ਕਿਹੜੇ ਇਲਾਜ ਉਸ ਤਰ੍ਹਾਂ ਜੀਉਣ ਵਿੱਚ ਮੇਰੀ ਮਦਦ ਕਰਨਗੇ ਜਿਵੇਂ ਮੈਂ ਚਾਹੁੰਦਾ/ਦੀ ਹਾਂ ਅਤੇ ਜਿੱਥੇ ਮੈਂ ਚਾਹੁੰਦਾ/ਦੀ ਹਾਂ?

ਇਸ ਬੀਮਾਰੀ ਦੇ ਨਾਲ, ਮੈਂ ਕੀ ਉਮੀਦ ਕਰ ਸਕਦਾ/ਦੀ ਹਾਂ ਕਿ 1 ਮਹੀਨੇ ਵਿੱਚ ਮੇਰੀ ਜ਼ਿੰਦਗੀ ਕਿਵੇਂ ਦੀ ਨਜ਼ਰ ਆਵੇਗੀ? 6 ਮਹੀਨੇ? 1 ਸਾਲ?

ਜੇ ਮੈਂ ਹੋਰ ਬੀਮਾਰ ਹੋ ਜਾਵਾਂ ਤਾਂ ਕੀ ਕੋਈ ਚਿਕਿਤਸਾ ਇਲਾਜ ਹਨ ਜਿਹਨਾਂ ਨੂੰ ਮੈਂ ਗੰਭੀਰਤਾ ਨਾਲ ਪ੍ਰਾਪਤ ਕਰਨ ਜਾਂ ਨਾ ਕਰਨ ਬਾਰੇ ਸੋਚਦਾ/ਦੀ ਹਾਂ?

# ਚਿਕਿਤਸਾ ਦੇਖਭਾਲ (Medical Care)

ਦੇਖਭਾਲ ਦੇ ਇਸ ਦ੍ਰਿਸ਼ਟੀਕੋਣ ਵਿੱਚ, ਕੋਈ ਵਿਅਕਤੀ ਪੇਸ਼ ਕੀਤੇ ਜਾ ਸਕਣ ਵਾਲੇ ਕਿਸੇ ਢੁਕਵੇਂ ਮੈਡੀਕਲ ਟੈਸਟਾਂ ਅਤੇ ਇਲਾਜਾਂ ਤੋਂ ਫਾਇਦਾ ਲੈਣ ਦੀ ਉਮੀਦ ਕਰ ਸਕਦਾ ਹੈ, ਜਿਸ ਵਿੱਚ ਸਖਤ ਦੇਖਭਾਲ (intensive care, ICU) ਅਤੇ ਰਿਸਸਿਟੇਸ਼ਨ ਦੇਖਭਾਲ ਸ਼ਾਮਲ ਨਹੀਂ ਹੈ। ਦੇਖਭਾਲ ਲਈ ਸਥਾਨਾਂ (ਉਦਾਹਰਨ ਲਈ, ਘਰ, ਹਸਪਤਾਲ, ਅਤੇ ਦੇਖਭਾਲ ਸੁਵਿਧਾ ਵਿਖੇ) ‘ਤੇ ਵਿਚਾਰ ਕੀਤਾ ਜਾ ਸਕਦਾ ਹੈ ਜੋ ਇਸ ਉੱਤੇ ਨਿਰਭਰ ਕਰਦੇ ਹਨ ਕਿ ਚਿਕਿਤਸਾ ਤੌਰ ‘ਤੇ ਕੀ ਢੁਕਵਾਂ ਹੈ ਅਤੇ ਮਰੀਜ਼ ਦੀਆਂ ਇੱਛਾਵਾਂ ਅਤੇ ਮਹੱਤਵ ਕੀ ਹਨ।





**M1** ਦਾ ਮਤਲਬ ਹੈ ਹਸਪਤਾਲ ਜਾਣ ਸਮੇਤ, ਕਿਸੇ ਢੁਕਵੇਂ ਚਿਕਿਤਸਾ ਅਤੇ ਸਰਜਿਕਲ ਇਲਾਜਾਂ ਦੀ ਵਰਤੋਂ ਕਰਨਾ, ਤਾਂ ਜੋ “ਸਹੀ ਕੀਤੀਆਂ ਜਾ ਸਕਣ ਵਾਲੀਆਂ ਚੀਜ਼ਾਂ ਨੂੰ ਸਹੀ ਕਰਨ” ਦੀ ਕੋਸ਼ਿਸ਼ ਕੀਤੀ ਜਾਵੇ, ਅਤੇ ਜਿਸ ਦਾ ਫੋਕਸ ਜਿੰਨਾ ਲੰਮਾ ਸੰਭਵ ਹੋਵੇ ਜੀਵਨ ਜੀਉਣਾ ਅਤੇ ਆਪਣੇ ਇੱਛਤ ਜੀਵਨ ਗੁਣਵੱਤਾ ਨੂੰ ਬਰਕਰਾਰ ਰੱਖਣਾ ਹੈ। ਟੀਮ ਛਾਤੀ ਉੱਤੇ ਧੱਕਣਾ (“ਛਵ੍ਰ”), ਸਾਹ ਲੈਣ ਵਾਲੀ ਮਸ਼ੀਨ (“ਵੈਂਟੀਲੇਟਰ”) ਜਾਂ ਸਖਤ ਦੇਖਭਾਲ ਇਕਾਈ “ICU” ਦੀ ਵਰਤੋਂ ਨਹੀਂ ਕਰੇਗੀ। M1 ਇਹ ਦੱਸਦੀ ਹੈ ਕਿ ਪੁਨਰ-ਜੀਵਕ ਅਤੇ ਜੀਉਣ ਲਈ ਸਹਾਇਕ ਚੀਜ਼ਾਂ ਜੋ ਤੁਹਾਡੇ ਲਈ ਪ੍ਰਾਪਤ ਕਰ ਸਕਦੀਆਂ ਹਨ, ਉਸ ‘ਤੇ ਸੀਮਾਵਾਂ ਲਾਗੂ ਹੁੰਦੀਆਂ ਹਨ।

### M1 ਕਦੋਂ ਢੁਕਵਾਂ ਹੁੰਦਾ ਹੈ?

M1 ਅਜਿਹੀਆਂ ਸਥਿਤੀਆਂ ਵਿੱਚ ਢੁਕਵਾਂ ਹੈ ਜਦੋਂ ਕਿਸੇ ਵਿਅਕਤੀ ਦੀ ਕੋਸ਼ਿਸ਼ ਕੀਤੇ ਪੁਨਰ-ਜੀਵਕ ਤੋਂ ਬਚਣ ਦੀ ਸੰਭਾਵਨਾ ਨਹੀਂ ਹੁੰਦੀ, ਜਾਂ ਜਦੋਂ ਪੁਨਰ-ਜੀਵਕ ਦੀ ਕਿਸੇ ਵਿਅਕਤੀ ਨੂੰ ਉਸ ਵਲੋਂ ਮਹੱਤਵ ਦਿੱਤੀ ਜਾਂਦੀ ਰਹਿਣ ਦੀ ਕਲਾ ਵਿੱਚ ਛੱਡ ਦੇਣ ਦੀ ਸੰਭਾਵਨਾ ਨਹੀਂ ਹੁੰਦੀ।

**M2** ਦਾ ਮਤਲਬ ਹੈ ਕਿ ਤੁਹਾਡਾ ਘਰ ਜਾਂ ਕਿਸੇ ਦੇਖਭਾਲ ਸੁਵਿਧਾ ਵਿੱਚ ਇਲਾਜ ਕੀਤਾ ਜਾਵੇਗਾ ਅਤੇ ਹਸਪਤਾਲ ਦਾਖ਼ਲੇ ਤੋਂ ਬਚਾਇਆ ਜਾਵੇਗਾ। ਘਰ ਜਾਂ ਕਿਸੇ ਦੇਖਭਾਲ ਸੁਵਿਧਾ ਵਿਖੇ ਉਪਲਬਧ ਚਿਕਿਤਸਾ ਇਲਾਜਾਂ ਦੀ ਵਰਤੋਂ “ਸਹੀ ਕੀਤੀਆਂ ਜਾ ਸਕਣ ਵਾਲੀਆਂ ਚੀਜ਼ਾਂ ਨੂੰ ਸਹੀ ਕਰਨ” ਲਈ ਕੀਤੀ ਜਾਵੇਗੀ। ਜੇ ਤੁਸੀਂ ਘਰ ਕੀਤੇ ਜਾਣ ਵਾਲੇ ਇਲਾਜਾਂ ਵੱਲ ਪ੍ਰਤੀਕਿਰਿਆ ਨਹੀਂ ਦਿਖਾਉਂਦੇ ਹੋ, ਤਾਂ ਤੁਹਾਡੀ ਸਿਹਤ-ਸੰਭਾਲ ਟੀਮ ਤੁਹਾਡੇ ਨਾਲ ਤੁਹਾਡੀਆਂ ਇੱਛਾਵਾਂ ਅਤੇ ਟੀਚਿਆਂ ਦਾ ਮੁੜ-ਮੁਲਾਂਕਣ ਕਰਨ ਬਾਰੇ ਤੁਹਾਡੇ ਨਾਲ ਗੱਲ ਕਰੇਗੀ, ਜਿਸ ਵਿੱਚ ਸੁਵਿਧਾਜਨਕ ਦੇਖਭਾਲ ਪ੍ਰਤੀ ਤੁਹਾਡੇ ਦੇਖਭਾਲ ਦੇ ਫੋਕਸ ਨੂੰ ਬਦਲਣਾ ਸ਼ਾਮਲ ਹੋ ਸਕਦਾ ਹੈ।

### M2 ਕਦੋਂ ਢੁਕਵਾਂ ਹੁੰਦਾ ਹੈ?

M2 ਅਜਿਹੇ ਲੋਕਾਂ ਲਈ ਹੈ ਜੋ ਲਿੱਸੇ ਜਾਂ ਕਾਫੀ ਸਮੇਂ ਤੋਂ ਬੀਮਾਰ ਹੁੰਦੇ ਹਨ ਅਤੇ ਉਹਨਾਂ ਦੀ ਸਿਹਤ ਦੀ ਹਸਪਤਾਲ ਜਾ ਕੇ ਸੁਧਾਰ ਹੋਣ ਨਾਲੋਂ ਹੋਰ ਵਿਗੜਣ ਦੀ ਵੱਧ ਸੰਭਾਵਨਾ ਹੁੰਦੀ ਹੈ। ਇਹ ਉਦੋਂ ਵੀ ਢੁਕਵਾਂ ਹੁੰਦਾ ਹੈ ਜਦੋਂ ਕੋਈ ਵਿਅਕਤੀ ਹੁਣ ਅੱਗੇ ਤੋਂ ਹਸਪਤਾਲ ਵਿੱਚ ਉਪਲਬਧ ਇਲਾਜ ਦੀਆਂ ਕਿਸਮਾਂ ਨਹੀਂ ਚਾਹੁੰਦਾ ਜਾਂ ਜਦੋਂ ਹਸਪਤਾਲ ਦਾਖ਼ਲ ਹੋ ਕੇ ਵਿਅਕਤੀ ਨੂੰ ਅਜਿਹੀ ਹਾਲਤ ਵਿੱਚ ਰਹਿਣ ਦੀ ਸੰਭਾਵਨਾ ਨਹੀਂ ਹੁੰਦੀ ਜੋ ਉਹਨਾਂ ਲਈ ਮਹੱਤਵਪੂਰਨ ਹੈ।

# ਆਰਾਮਦਾਇਕ ਦੇਖਭਾਲ (Comfort Care)

ਦੇਖਭਾਲ ਦੇ ਇਸ ਦ੍ਰਿਸ਼ਟੀਕੋਣ ਵਿੱਚ, ਮੈਡੀਕਲ ਟੈਸਟਾਂ ਅਤੇ ਇਲਾਜਾਂ ਦਾ ਮਕਸਦ ਬੀਮਾਰੀ ਦੇ ਲੱਛਣਾਂ ਦਾ ਪ੍ਰਬੰਧ ਕਰਨਾ ਅਤੇ ਕਾਰਜ ਨੂੰ ਬਰਕਰਾਰ ਰੱਖਣਾ ਹੈ ਜਦੋਂ ਅੰਤਰ-ਨਿਹਿਤ ਬੀਮਾਰੀ ਦਾ ਇਲਾਜ ਜਾਂ ਨਿਯੰਤ੍ਰਣ ਕਰਨਾ ਹੁਣ ਸੰਭਵ ਜਾਂ ਇੱਛਤ ਨਹੀਂ ਹੈ। ਲੱਛਣਾਂ ਨੂੰ ਬੇਹਤਰ ਸਮਝਣ ਜਾਂ ਨਿਯੰਤ੍ਰਣ ਕਰਨ ਲਈ ਹਸਪਤਾਲ ਟ੍ਰਾਂਸਫਰ ਕੀਤਾ ਜਾ ਸਕਦਾ ਹੈ।

**C1** ਦਾ ਮਤਲਬ ਹੈ ਕਿ ਦੇਖਭਾਲ ਦਾ ਫੋਕਸ ਲੱਛਣ ‘ਤੇ ਕਾਬੂ ਕਰਨ ਅਤੇ ਅਜਿਹੇ ਚਿਕਿਤਸਾ ਇਲਾਜਾਂ ਦੀ ਵਰਤੋਂ ਕਰਕੇ ਸੁਵਿਧਾ ਪ੍ਰਦਾਨ ਕਰਨਾ ਹੈ, ਜੋ ਤੁਹਾਡੇ ਜੀਵਨ ਦੇ ਲੰਮੇ ਹੋਣ ਨਾਲੋਂ ਤੁਹਾਡੇ ਜੀਵਨ ਦੀ ਗੁਣਵੱਤਾ ਨੂੰ ਵਧਾਉਂਦੇ ਹਨ।

## C1 ਕਦੋਂ ਢੁਕਵਾਂ ਹੁੰਦਾ ਹੈ?

C1 ਅਜਿਹੀਆਂ ਸਥਿਤੀਆਂ ਵਿੱਚ ਢੁਕਵਾਂ ਹੈ ਜਦੋਂ ਕੋਈ ਵਿਅਕਤੀ ਬਹੁਤ ਲਿੱਸਾ ਹੈ ਜਾਂ ਕਿਸੇ ਗੰਭੀਰ ਬੀਮਾਰੀ ਨਾਲ ਜੀਵਨ ਬਿਤਾ ਰਿਹਾ ਹੈ ਅਤੇ ਅਤੇ ਉਸਦੀ ਜੀਵਨ ਨੂੰ ਲੰਮਾ ਕਰਨ ਦੇ ਉਦੇਸ਼ ਨਾਲ ਦਿੱਤੇ ਗਏ ਚਿਕਿਤਸਾ ਇਲਾਜਾਂ ਵੱਲ ਪ੍ਰਤੀਕਿਰਿਆ ਕਰਨ ਦੀ ਸੰਭਾਵਨਾ ਨਹੀਂ ਹੁੰਦੀ। ਇਹ ਉਦੋਂ ਢੁਕਵਾਂ ਹੁੰਦਾ ਹੈ ਜਦੋਂ ਵਿਅਕਤੀ ਜੀਵਨ ਦੇ ਲੰਮੇ ਹੋਣ ਨਾਲੋਂ ਆਪਣੀ ਜੀਵਨ ਦੀ ਗੁਣਵੱਤਾ ਉੱਤੇ ਧਿਆਨ ਦੇਣਾ ਚਾਹੁੰਦਾ ਹੈ।

**C2** ਦਾ ਮਤਲਬ ਹੈ ਕਿ ਤੁਸੀਂ ਆਪਣੇ ਜੀਵਨ ਦੇ ਅੰਤਿਮ ਘੰਟੇ ਜਾਂ ਦਿਨ ਬਿਤਾ ਰਹੇ ਹੋ ਅਤੇ ਸਾਰੇ ਇਲਾਜ ਤੁਹਾਡੇ ਜਾਂ ਤੁਹਾਡੇ ਕਰੀਬੀ ਵਿਅਕਤੀ ਦੀ ਸੁਵਿਧਾ ਅਤੇ ਸਹਾਇਤਾ ਉੱਤੇ ਕੇਂਦਰਿਤ ਹਨ।

## C2 ਕਦੋਂ ਢੁਕਵਾਂ ਹੁੰਦਾ ਹੈ?

C2 ਸਿਰਫ਼ ਉਦੋਂ ਢੁਕਵਾਂ ਹੈ ਜਦੋਂ ਕੋਈ ਵਿਅਕਤੀ ਮੌਤ ਦੇ ਬਹੁਤ ਕਰੀਬ ਹੈ (ਯਾਂਨੀ, ਅੰਤਿਮ ਘੰਟੇ ਜਾਂ ਦਿਨ) ਅਤੇ ਇਲਾਜ ਹੁਣ ਉ ਸਦੇ ਜੀਵਨ ਨੂੰ ਵਧਾ ਨਹੀਂ ਸਕਦੇ।





# ਰਿਸਸਿਟੇਸ਼ਨ ਦੇਖਭਾਲ (Resuscitative Care)

**R1** ਦਾ ਮਤਲਬ ਹੈ ਕਿ ਕੋਈ ਵੀ ਢੁਕਵੇਂ ਮੈਡੀਕਲ ਅਤੇ ਸਰਜਿਕਲ ਇਲਾਜ ਜਿਸ ਵਿੱਚ ਛਾਤੀ ਉੱਤੇ ਧੱਕਣਾ ("CPR"), ਸਾਹ ਲੈਣ ਵਾਲੀ ਇੱਕ ਮਸ਼ੀਨ ("ਵੈਂਟੀਲੇਟਰ") ਹਨ ਅਤੇ ਸਖਤ ਦੇਖਭਾਲ ਇਕਾਈ ("ICU") ਦੀ ਵਰਤੋਂ ਕਿਸੇ ਜਟਿਲ ਬੀਮਾਰੀ ਦੇ ਦੌਰਾਨ ਤੁਹਾਡੇ ਜੀਵਨ ਨੂੰ ਲੰਮਾ ਕਰਨ ਦੀ ਕੋਸ਼ਿਸ਼ ਲਈ ਕੀਤੀ ਜਾਵੇਗੀ।

### R1 ਕਦੋਂ ਢੁਕਵਾਂ ਹੁੰਦਾ ਹੈ?

R1 ਅਜਿਹੇ ਹਾਲਾਤਾਂ ਵਿੱਚ ਸਭ ਤੋਂ ਢੁਕਵਾਂ ਹੁੰਦਾ ਹੈ ਜਦੋਂ ਕਿਸੇ ਵਿਅਕਤੀ ਦੀ ਕਿਸੇ ਬੀਮਾਰੀ ਤੋਂ ਠੀਕ ਹੋਣ ਦੀ ਅਤੇ ਆਪਣੀ ਪਹਿਲੇ ਵਾਲੀ ਸਥਿਤੀ 'ਤੇ ਵਾਪਸ ਪਰਤਣ ਦੀ ਸੰਭਾਵਨਾ ਹੁੰਦੀ ਹੈ। ਵਿਅਕਤੀ ਜੀਵਨ ਨੂੰ ਲੰਮਾ ਕਰਨ ਲਈ ਇਹ ਕੋਸ਼ਿਸ਼ ਕਰਨੀ ਚਾਹੁੰਦਾ ਹੈ, ਭਾਵੇਂ ਕਿ ਇਸ ਤੋਂ ਬਾਅਦ ਇਸ ਕਰਕੇ ਉਸਦੀ ਸਿਹਤ ਅਤੇ ਯੋਗਤਾਵਾਂ ਵਿੱਚ ਸਥਾਈ ਬਦਲਾਵ ਆ ਸਕਦੇ ਹਨ।



**R2** ਦਾ ਮਤਲਬ ਹੈ ਕਿ ਸਖਤ ਦੇਖਭਾਲ ਇਕਾਈ ਦੇਖਭਾਲ ਸਮੇਤ ਕਿਸੇ ਢੁਕਵੇਂ ਮੈਡੀਕਲ ਅਤੇ ਸਰਜਿਕਲ ਇਲਾਜ ਅਤੇ ਜਟਿਲ ਬੀਮਾਰੀ ਦੇ ਦੌਰਾਨ ਤੁਹਾਡੇ ਜੀਵਨ ਨੂੰ ਲੰਮਾ ਕਰਨ ਦੀ ਕੋਸ਼ਿਸ਼ ਲਈ ਸਾਹ ਲੈਣ ਵਾਲੀ ਮਸ਼ੀਨ ("ਵੈਂਟੀਲੇਟਰ") ਦੀ ਵਰਤੋਂ ਕੀਤੀ ਜਾਵੇਗੀ। ਟੀਮ ਛਾਤੀ ਉੱਤੇ ਧੱਕਣ ਦੀ ਵਰਤੋਂ ਨਹੀਂ ਕਰੇਗੀ, ਜਿਸ ਨੂੰ ਪੁਨਰ-ਜੀਵਕ ਕਿਹਾ ਜਾਂਦਾ ਹੈ। ਇਸ ਦਾ ਮਤਲਬ ਹੈ "ਕੋਈ CPR ਨਹੀਂ।"

ਦੇਖਭਾਲ ਦੇ ਇਸ ਦ੍ਰਿਸ਼ਟੀਕੋਣ ਵਿੱਚ, ਕੋਈ ਵਿਅਕਤੀ ਪੇਸ਼ ਕੀਤੇ ਜਾ ਸਕਣ ਵਾਲੇ ਕਿਸੇ ਢੁਕਵੇਂ ਮੈਡੀਕਲ ਟੈਸਟਾਂ ਅਤੇ ਇਲਾਜਾਂ ਤੋਂ ਫਾਇਦਾ ਲੈਂਣ ਦੀ ਉਮੀਦ ਕਰ ਸਕਦਾ ਹੈ ਅਤੇ ਇਸ ਵਿੱਚ ਸਖਤ ਦੇਖਭਾਲ (intensive care, ICU) ਅਤੇ ਪੁਨਰ-ਜੀਵਕ ਦੇਖਭਾਲ ਸ਼ਾਮਲ ਨਹੀਂ ਹੈ।

### R2 ਕਦੋਂ ਢੁਕਵਾਂ ਹੁੰਦਾ ਹੈ?

R2 ਅਜਿਹੀਆਂ ਸਥਿਤੀਆਂ ਵਿੱਚ ਢੁਕਵਾਂ ਹੁੰਦਾ ਹੈ ਜਦੋਂ ਕਿਸੇ ਵਿਅਕਤੀ ਦੇ ਦਿਲ ਦੇ ਰੁਕ ਜਾਣ 'ਤੇ ਇਸ ਦੇ ਮੁੜ-ਜੀਵਿਤ ਹੋਣ ਦੀ ਸੰਭਾਵਨਾ ਨਹੀਂ ਹੁੰਦੀ, ਪਰ ਉਹਨਾਂ ਨੂੰ ਅਜਿਹੀ ਬੀਮਾਰੀ ਹੁੰਦੀ ਹੈ ਜਿਸ ਨੂੰ ਸਾਹ ਲੈਣ ਵਾਲੀ ਮਸ਼ੀਨ ਅਤੇ ਇਨਟੈਂਸਿਵ ਕੇਅਰ ਤੋਂ ਫਾਇਦਾ ਪਹੁੰਚ ਸਕਦਾ ਹੈ। 2 ਉਦੋਂ ਵੀ ਢੁਕਵਾਂ ਹੈ ਜਦੋਂ CPR ਦੀ ਕਿਸੇ ਵਿਅਕਤੀ ਦੀ ਜੀਵਨ ਦੇ ਅਜਿਹੇ ਹਾਲਤ ਵਿੱਚ ਰਹਿਣ ਦੇਣ ਦੀ ਸੰਭਾਵਨਾ ਨਹੀਂ ਹੁੰਦੀ ਜੋ ਉਸ ਲਈ ਮਹੱਤਵਪੂਰਨ ਹੈ।

**R3** ਦਾ ਮਤਲਬ ਹੈ ਕਿ ਤੁਹਾਡੇ ਜੀਵਨ ਨੂੰ ਲੰਮਾ ਕਰਨ ਦੀ ਕੋਸ਼ਿਸ਼ ਕਰਨ ਲਈ ਸਖਤ ਦੇਖਭਾਲ ਇਕਾਈ ਵਿੱਚ ਰਹਿਣ ਸਮੇਤ ਕਿਸੇ ਢੁਕਵੇਂ ਮੈਡੀਕਲ ਅਤੇ ਸਰਜਿਕਲ ਇਲਾਜਾਂ ਦੀ ਵਰਤੋਂ ਕੀਤੀ ਜਾਵੇਗੀ। ਟੀਮ ਛਾਤੀ ਉੱਤੇ ਧੱਕਣ ਦੀ ਵਰਤੋਂ ਨਹੀਂ ਕਰੇਗਾ "ਕੋਈ CPR ਨਹੀਂ", ਨਾ ਹੀ ਸਾਹ ਲੈਣ ਵਾਲੀ ਮਸ਼ੀਨ ਦੀ ਵਰਤੋਂ ਕਰੇਗੀ "ਕੋਈ ਵੈਂਟੀਲੇਟਰ ਨਹੀਂ।"

### R3 ਕਦੋਂ ਢੁਕਵਾਂ ਹੁੰਦਾ ਹੈ?

R3 ਅਜਿਹੇ ਹਾਲਾਤਾਂ ਵਿੱਚ ਢੁਕਵਾਂ ਹੈ ਜਦੋਂ ਪੁਨਰ-ਜੀਵਕ ਅਤੇ ਸਾਹ ਲੈਣ ਵਾਲੀ ਮਸ਼ੀਨ ਦੀ ਕਿਸੇ ਵਿਅਕਤੀ ਦੇ ਜੀਵਨ ਨੂੰ ਹੋਰ ਲੰਮਾ ਕਰਨ ਦੇ ਯੋਗ ਹੋਣ ਦੀ ਸੰਭਾਵਨਾ ਨਹੀਂ ਹੁੰਦੀ, ਪਰ ਉਹਨਾਂ ਨੂੰ ਅਜਿਹੀ ਬੀਮਾਰੀ ਹੈ ਜੋ ਸ਼ਾਇਦ ਸਖਤ ਦੇਖਭਾਲ ਯੂਨਿਟ ਵੱਲ ਪ੍ਰਤੀਕਿਰਿਆ ਕਰੇ। R3 ਉਦੋਂ ਵੀ ਢੁਕਵਾਂ ਹੈ ਜਦੋਂ CPR ਅਤੇ ਵੈਂਟੀਲੇਟਰ ਦੀ ਵਰਤੋਂ ਤੋਂ ਕਿਸੇ ਵਿਅਕਤੀ ਨੂੰ ਜੀਵਨ ਦੀ ਅਜਿਹੀ ਹਾਲਤ ਵਿੱਚ ਰਹਿਣ ਦੇਣ ਦੀ ਸੰਭਾਵਨਾ ਨਹੀਂ ਹੁੰਦੀ ਜੋ ਉਸ ਲਈ ਮਹੱਤਵਪੂਰਨ ਹੈ।

# ਤੁਹਾਡੀ ਗ੍ਰੀਨ ਸਲੀਵ (Your Green Sleeve)

ਇੱਕ ਗ੍ਰੀਨ ਸਲੀਵ ਇੱਕ ਪਲਾਸਟਿਕ ਪਾਕੇਟ ਹੈ ਜਿਸ ਵਿੱਚ ਤੁਹਾਡੇ ਅਗਾਊਂ ਦੇਖਭਾਲ ਯੋਜਨਾਕਾਰੀ ਦੇ ਫਾਰਮ ਰੱਖੇ ਜਾਂਦੇ ਹਨ। ਇਸ ਨੂੰ ਇੱਕ ਮੈਡੀਕਲ ਪਾਸਪੋਰਟ ਵਜੋਂ ਸੋਚੋ।

- ਗ੍ਰੀਨ ਸਲੀਵ ਨੂੰ ਪ੍ਰਾਪਤ ਕਰਨ ਦੇ ਦੋ ਤਰੀਕੇ ਹਨ: ਆਪਣੇ ਸਿਹਤ-ਸੰਭਾਲ ਪ੍ਰਦਾਤੇ ਤੋਂ ਜਾਂ ਤੁਸੀਂ ਇਸ ਨੂੰ ਔਨਲਾਈਨ ਆਰਡਰ ਕਰ ਸਕਦੇ ਹੋ।
- ਇਹ ਤੁਹਾਡੀ ਸੰਪੱਤੀ ਹੈ। ਜਦੋਂ ਤੁਸੀਂ ਘਰ ਹੁੰਦੇ ਹੋ, ਤਾਂ ਤੁਸੀਂ ਗ੍ਰੀਨ ਸਲੀਵ ਨੂੰ ਆਪਣੇ ਫਰਿੱਜ ਉੱਤੇ ਜਾਂ ਕੋਲ ਰੱਖ ਸਕਦੇ ਹੋ।
- ਸਾਰੀਆਂ ਸੈਟਿੰਗਾਂ ਵਿੱਚ ਸਿਹਤ-ਸੰਭਾਲ ਪ੍ਰਦਾਤੇ ਪੁੱਛ ਸਕਦੇ ਹਨ ਕਿ ਕੀ ਤੁਹਾਡੇ ਕੋਲ ਕੋਈ ਗ੍ਰੀਨ ਸਲੀਵ ਹੈ।
- ਜੇ ਤੁਸੀਂ ਹਸਪਤਾਲ ਜਾਂ ਕਿਸੇ ਸਿਹਤ-ਸੰਭਾਲ ਅਪੌਇੰਟਮੈਂਟ ਲਈ ਜਾਂਦੇ ਹੋ, ਤਾਂ ਆਪਣੇ ਗ੍ਰੀਨ ਸਲੀਵ ਨੂੰ ਆਪਣੇ ਨਾਲ ਲੈ ਕੇ ਜਾਓ। ਇਹ ਪੱਕਾ ਕਰੋ ਕਿ ਇਹ ਤੁਹਾਡੇ ਨਾਲ ਘਰ ਆਏ।

## ਵਧੇਰੀ ਜਾਣਕਾਰੀ ਲਈ:

www.ahs.ca ਅਤੇ ਅਗਾਊਂ ਦੇਖਭਾਲ ਯੋਜਨਾਕਾਰੀ ਦੀ ਖੋਜ ਕਰੋ

## ਇੱਕ ਗ੍ਰੀਨ ਸਲੀਵ ਦਾ ਆਰਡਰ ਦੇਣ ਲਈ:

myhealth.alberta.ca ਅਤੇ Green Sleeve (ਗ੍ਰੀਨ ਸਲੀਵ) ਦੀ ਖੋਜ ਕਰੋ।



# ਅਗਾਊਂ ਦੇਖਭਾਲ ਯੋਜਨਾਕਾਰੀ ਜਾਂਚਸੂਚੀ
# (Advance Care Planning Checklist)

- ❑ ਮੈਂ ਆਪਣੇ ਮਹੱਤਵ ਅਤੇ ਇੱਛਾਵਾਂ ਅਤੇ ਸਿਹਤ-ਸੰਭਾਲ ਦੇ ਟੀਚਿਆਂ ਬਾਰੇ ਸੋਚ ਲਿਆ ਹੈ।
- ❑ ਮੈਂ ਅੰਗ ਅਤੇ ਟਿਸ਼ੂ ਦੇ ਦਾਨ ਬਾਰੇ ਸੋਚ ਲਿਆ ਹੈ ਅਤੇ ਮੈਂ ਆਪਣੇ ਪਰਿਵਾਰ ਨੂੰ ਆਪਣੀਆਂ ਇੱਛਾਵਾਂ ਬਾਰੇ ਦੱਸ ਦਿੱਤਾ ਹੈ ਅਤੇ ਆਪਣੇ ਦਾਨ ਕਰਨ ਦੇ ਇਰਾਦੇ ਨੂੰ ਅਲਬਰਟਾ ਦੀ ਅੰਗ ਅਤੇ ਟਿਸ਼ੂ ਦਾਨ ਰਜਿਸਟ੍ਰੀ (Alberta's Organ and Tissue Donation Registry) ਵਿੱਚ ਰਜਿਸਟਰ ਕਰਾਇਆ ਹੈ।
- ❑ ਮੈਂ ਆਪਣੇ ਸਿਹਤ-ਸੰਭਾਲ ਪ੍ਰਦਾਤੇ(ਤਿਆਂ) ਨੂੰ ਆਪਣੀ ਮੌਜੂਦਾ ਸਿਹਤ ਅਤੇ ਮੈਨੂੰ ਕਿਹੜੇ ਭਵਿੱਖੀ ਸਿਹਤ-ਸੰਭਾਲ ਫੈਸਲੇ ਲੈਣ ਦੀ ਲੋੜ ਹੋ ਸਕਦੀ ਹੈ, ਬਾਰੇ ਦੱਸ ਦਿੱਤਾ ਹੈ।
- ❑ ਮੈਂ ਇੱਕ ਨਿੱਜੀ ਨਿਰਦੇਸ਼ ਪੂਰਾ ਕੀਤਾ ਹੈ ਅਤੇ ਆਪਣੇ ਫੈਸਲਾ ਲੈਣ ਵਾਲੇ ਵਿਅਕਤੀ (ਏਜੰਟ) ਦਾ ਨਾਮ ਦਿੱਤਾ ਹੈ।
- ❑ ਮੈਂ ਆਪਣੇ ਫੈਸਲਾ ਲੈਣ ਵਾਲੇ ਵਿਅਕਤੀ (ਏਜੰਟ) ਨਾਲ ਆਪਣੀਆਂ ਇੱਛਾਵਾਂ ਬਾਰੇ ਗੱਲ ਕੀਤੀ ਹੈ ਅਤੇ ਉਸ ਨੂੰ ਆਪਣੇ ਨਿੱਜੀ ਨਿਰਦੇਸ਼ ਦੀ ਇੱਕ ਨਕਲ ਦਿੱਤੀ ਹੈ।
- ❑ ਮੈਂ ਆਪਣੇ ਕਰੀਬੀ ਵਿਅਕਤੀਆਂ ਨਾਲ ਆਪਣੀਆਂ ਸਿਹਤ-ਸੰਭਾਲ ਇੱਛਾਵਾਂ ਦੀ ਚਰਚਾ ਕੀਤੀ ਹੈ।
- ❑ ਮੇਰੇ ਡਾਕਟਰਾਂ ਨੇ ਅਤੇ ਮੈਂ ਦੇਖਭਾਲ ਅਹੁਦਿਆਂ ਦੇ ਉਦੇਸ਼ ਦੀ ਚਰਚਾ ਕੀਤੀ ਹੈ ਜੋ ਮੇਰੀ ਮੌਜੂਦਾ ਸਥਿਤੀ ਨੂੰ ਸਭ ਤੋਂ ਵਧੀਆ ਦਿਖਾਉਂਦੇ ਹਨ।
- ❑ ਮੇਰੇ ਕੋਲ ਆਪਣੇ ਦਸਤਾਵੇਜ਼ (ਮੇਰੇ ਨਿੱਜੀ ਨਿਰਦੇਸ਼ ਅਤੇ ਦੇਖਭਾਲ ਅਹੁਦਿਆਂ ਦੇ ਉਦੇਸ਼ ਆਰਡਰ ਸਮੇਤ) ਰੱਖਣ ਲਈ ਇੱਕ ਗ੍ਰੀਨ ਸਲੀਵ ਹੈ ਅਤੇ ਮੈਂ ਇਸ ਨੂੰ ਆਪਣੇ ਫਰਿੱਜ ਉੱਤੇ ਜਾ ਕੋਲ ਰੱਖਿਆ ਹੈ।
- ❑ ਜਦੋਂ ਵੀ ਮੈਂ ਹਸਪਤਾਲ ਜਾਂ ਸਿਹਤ-ਸੰਭਾਲ ਅਪੌਇੰਟਮੈਂਟ ਲਈ ਜਾਂਦਾ/ਦੀ ਹਾਂ, ਮੈਂ ਆਪਣੇ ਨਾਲ ਆਪਣੇ ਗ੍ਰੀਨ ਸਲੀਵ ਨੂੰ ਲਿਆਵਾਂਗਾ/ਗੀ।

Alberta Health Services

ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਸਿਹਤ-ਸੰਭਾਲ ਪ੍ਰਦਾਤੇ ਨਾਲ ਸੰਪਰਕ ਕਰੋ ਜਾਂ ਇੱਥੇ ਜਾਓ: conversationsmatter.ca



ਪਿਛਲੀ ਵਾਰ ਸਮੀਖਿਆ ਕੀਤੀ ਗਈ: 11 ਜੁਲਾਈ 2023
ſ 286ਅ (2019 08)